# ਹਿੰਦੁਸਤਾਨੀ ਸ਼ਾਸਤਰੀ ਸੰਗੀਤ ਉੱਤੇ ਲੈਕਚਰ ਅਤੇ ਪੇਸ਼ਕਾਰੀ

ਸਰ੍ਹੀ ਵਿਚ 12 ਫ਼ਰਵਰੀ 2006 ਦੀ ਸ਼ਾਮ ਇਕ ਯਾਦਗਾਰੀ ਸ਼ਾਮ ਹੋ ਨਿੱਬੜੀ। ਦਿੱਲੀ ਤੋਂ ਆਏ ਸੰਗੀਤ ਦੇ ਉਚ ਕੋਟੀ ਵਿਦਵਾਨ ਅਤੇ ਗਾਇਕ ਡਾਕਟਰ ਅਜੀਤ ਸਿੰਘ ਪੈਂਤਲ ਨੇ ਰਵੀ ਬੈਂਕੁਇਟ ਹਾਲ ਵਿਚ ਭਾਰਤੀ ਸ਼ਾਸਤਰੀ ਸੰਗੀਤ ਤੇ ਇਕ ਅਦੁੱਤੀ ਲੈਕਚਰ ਪੇਸ਼ ਕੀਤਾ ਜਿਸ ਵਿਚ ਸ਼ਾਸਤਰੀ ਸੰਗੀਤ ਦੇ ਅਨੇਕਾਂ ਨਮੂਨੇ ਵੀ ਗਾ ਕੇ ਪੇਸ਼ ਕੀਤੇ ਗਏ। ਹਾਲ ਸਰੋਤਿਆਂ ਨਾਲ ਭਰਿਆ ਹੋਇਆ ਸੀ ਤੇ ਸਰੋਤੇ ਹਰ ਸ਼ਬਦ ਡੂੰਘੀ ਦਿਲਚਸਪੀ ਨਾਲ ਸੁਣ ਰਹੇ ਸਨ। ਇਹ ਸ਼ਾਨਦਾਰ ਪ੍ਰੋਗਰਾਮ ਸਰ੍ਹੀ ਦੀ ਵਿਰਾਸਤ ਫਾਊਂਡੇਸ਼ਨ ਦੇ ਭੁਪਿੰਦਰ ਸਿੰਘ ਮੱਲ੍ਹੀ, ਜਸਪਾਲ ਰੰਧਾਵਾ ਅਤੇ ਹੋਰ ਸੰਚਾਲਕਾਂ ਵੱਲੋਂ ਬਹੁਤ ਲਗਨ ਅਤੇ ਮਿਹਨਤ ਨਾਲ ਆਯੋਜਿਤ ਕੀਤਾ ਗਿਆ ਜਿਸ ਲਈ ਉਹ ਸਾਡੇ ਸਾਰਿਆਂ ਦੇ ਡੂੰਘੇ ਧੰਨਵਾਦ ਦੇ ਪਾਤਰ ਹਨ। ਇਸ ਪ੍ਰੋਗਰਾਮ ਨੇ ਵਿਰਾਸਤ ਦੇ ਉਚ ਪਾਏ ਦੇ ਪ੍ਰੋਗਰਾਮ ਪੇਸ਼ ਕਰਨ ਦੀ ਪ੍ਰਥਾ ਨੂੰ ਹਰ ਪੱਖੋਂ ਕਾਇਮ ਰੱਖਿਆ।

ਡਾਕਟਰ  ਪੈਂਤਲ ਸਾਹਿਬ ਦੀ ਉਚ ਵਿਦਿਆ ਅਤੇ ਵਿਦਵਤਾ ਦਾ ਪਰੀਚੈ ਦੇਣ ਤੋਂ ਪਹਿਲਾਂ ਮੈਂ ਉਹਨਾਂ ਦੇ ਦਿਤੇ ਪ੍ਰੋਗਰਾਮ ਬਾਰੇ ਆਪਣੇ ਅਨੁਭਵ ਪੇਸ਼ ਕਰਨੇ ਚਾਹੁੰਦਾ ਹਾਂ ਕਿਉਂਕਿ ਸਰੋਤਿਆਂ ਵਿਚ ਮੈਂ ਵੀ ਮੂਹਰਲੀ ਕਤਾਰ ਵਿਚ ਹਾਜ਼ਰ ਸਾਂ।  ਪੈਂਤਲ ਜੀ ਨੇ ਪ੍ਰੋਗਰਾਮ ਇਕ ਹਰਮਨ ਪਿਆਰੇ ਰਾਗ, ਭੀਮ ਪਲਾਸੀ, ਨਾਲ ਸ਼ੁਰੂ ਕੀਤਾ। ਬੋਲ ਸਨ: *ਜਾ ਜਾ ਰੇ ਅਪਨੇ ਮੰਦਰ ਵਾ* / ਮੇਰਾ ਮਨ ਇਕ ਦਮ ਉਤੇਜਨਾ ਨਾਲ ਭਰ ਗਿਆ ਕਿਉਂਕਿ ਮੈਂ ਆਪ ਭੀਮ ਪਲਾਸੀ ਦੇ ਇਹੀ ਬੋਲ ਦੋ ਦਹਾਕੇ ਪਹਿਲਾਂ ਆਪਣੇ ਗੁਰੂ ਬਲਬੀਰ ਸਿੰਘ ਜੀ ਭੰਗੂ ਪਾਸੋਂ ਸਿੱਖੇ ਸਨ; ਭੰਗੂ ਸਾਹਿਬ ਵੀ ਮੇਰੇ ਸੱਜੇ ਪਾਸੇ ਹੀ ਬੈਠੇ ਸਨ। ਭੰਗੂ ਸਾਹਿਬ ਦੇ ਹੋਰ ਵੀ ਕਈ ਵਿਦਿਆਰਥੀ ਸ੍ਰੋਤਿਆਂ ਵਿਚ ਸ਼ਾਮਲ ਸਨ। ਸੋ  ਪੈਂਤਲ ਸਾਹਿਬ ਨੇ ਆਪਣੇ ਪਹਿਲੇ ਬੋਲਾਂ ਨਾਲ ਹੀ ਸ੍ਰੋਤਿਆਂ ਨਾਲ ਭਾਵੁਕ ਸਾਂਝ ਪਾ ਲਈ ਤੇ ਇਹ ਸਾਂਝ ਅੰਤ ਤੱਕ ਬਣੀ ਰਹੀ।

ਇਸ ਪਿਛੋਂ  ਪੈਂਤਲ ਸਾਹਿਬ ਨੇ ਪੰਜਾਬ ਵਿਚ ਵੇਦਾਂ ਦੇ ਸਮੇਂ ਤੋਂ ਆਰੰਭ ਕਰਕੇ ਭਾਰਤੀ ਸੰਗੀਤ ਦੀ ਉਤਪਤੀ ਅਤੇ ਇਸ ਦੇ ਵਿਕਾਸ ਬਾਰੇ ਭਰਪੂਰ ਚਾਨਣ ਪਾਇਆ। ਨਾਲੋ ਨਾਲ ਉਹ ਗਾ ਕੇ ਰਾਗਾਂ ਦੇ ਦ੍ਰਿਸ਼ਟਾਂਤ ਵੀ ਦਿੰਦੇ ਰਹੇ। ਉਹਨਾਂ ਦੱਸਿਆ ਕਿ ਸ਼ਾਸਤਰੀ ਸੰਗੀਤ ਦੇ ਘਰਾਣਿਆਂ ਦੀ ਪ੍ਰਥਾ ਕੋਈ 250 ਸਾਲ ਪਹਿਲਾਂ ਆਰੰਭ ਹੋਈ ਸੀ ਅਤੇ ਪੰਜਾਬ ਘਰਾਣੇ ਦੀ ਭਾਰਤੀ ਸੰਗੀਤ ਨੂੰ ਬਹੁਤ ਵਡਮੁੱਲੀ ਦੇਣ ਹੈ। ਗੁਰਬਾਣੀ ਸੰਗੀਤ ਬਾਰੇ ਉਹਨਾਂ ਵਿਸ਼ੇਸ਼ ਕਰਕੇ ਵਿਸਥਾਰ ਨਾਲ ਦੱਸਿਆ ਤੇ ਇਸ ਗੱਲ ਤੇ ਅਫ਼ਸੋਸ ਵੀ ਜ਼ਾਹਰ ਕੀਤਾ ਕਿ ਅੱਜ ਕਲ੍ਹ ਦੇ ਰਾਗੀ ਗੁਰਬਾਣੀ ਸੰਗੀਤ ਦੀ ਗੰਭੀਰਤਾ ਨੂੰ ਤਿਆਗ ਕੇ ਸੌਖੀਆਂ ਚਟਪਟੀਆਂ ਧੁਨਾਂ ਮਗਰ ਪਏ ਹੋਏ ਹਨ।

ਪੈਂਤਲ ਸਾਹਿਬ ਨਾਲ ਤਬਲੇ ਉੱਤੇ ਸੰਗਤ ਬੀ.ਸੀ. ਦੇ ਜਾਣੇ-ਪਛਾਣੇ ਅਤੇ ਪ੍ਰਤਿਭਾਸ਼ਾਲੀ ਕਲਾਕਾਰ ਜਸਪਾਲ ਸਿੰਘ ਰੰਧਾਵਾ ਕਰ ਰਹੇ ਸਨ। ਹਾਰਮੋਨੀਅਮ ਉੱਤੇ ਸਾਡੇ ਹਰਮਨ ਪਿਆਰੇ ਕਲਾਕਾਰ ਦਵਿੰਦਰ ਹੁੰਦਲ ਜੀ ਸਨ ਜੋ ਕਿਸੇ ਜਾਣ ਪਛਾਣ ਦੇ ਮੁਹਤਾਜ ਨਹੀਂ।

ਪ੍ਰੋਗਰਾਮ ਦੇ ਦੂਸਰੇ ਭਾਗ ਵਿਚ  ਪੈਂਤਲ ਸਾਹਿਬ ਨੇ ਪੰਜਾਬ ਦੀ ਸ਼ਾਸਤਰੀ ਸੰਗੀਤ ਨੂੰ ਦੇਣ ਉੱਤੇ ਭਰਪੂਰ ਚਾਨਣ ਪਾਇਆ ਤੇ ਵੱਖਰੇ ਵੱਖਰੇ ਰਾਗਾਂ ਵਿਚ ਪੰਜਾਬੀ ਟੱਪਿਆਂ ਦੀਆਂ ਬੰਦਸ਼ਾਂ ਗਾ ਕੇ ਸਰੋਤਿਆਂ ਨੂੰ ਕੀਲੀ ਰੱਖਿਆ। ਉਹਨਾਂ ਕਿਹਾ ਕਿ ਸ਼ਾਸਤਰੀ ਸੰਗੀਤ ਦੇ ਟੱਪੇ ਕਈ ਭਾਰਤੀ ਬੋਲੀਆਂ ਵਿਚ ਗਾਏ ਗਏ ਹਨ ਪਰ ਟੱਪਿਆਂ ਲਈ ਸਭ ਤੋਂ ਅਨੁਕੂਲ ਬੋਲੀਆਂ ਬ੍ਰਜ ਭਾਸ਼ਾ ਅਤੇ ਪੰਜਾਬੀ ਹਨ। ਉਹਨਾਂ ਰਾਗ ਰਾਮਕਲੀ ਵਿਚ ਟੱਪਾ, *ਰੱਬ ਗਰੀਬ ਨਿਵਾਜ,* ਸ਼ੁਰੂ ਕੀਤਾ, ਪਰ ਜਦੋਂ ਇਸ ਤੋਂ ਅੱਗੇ ਰਾਗ ਜੌਨਪੁਰੀ ਵਿਚ ਗਾਇਆ,

*ਮੇਰਾ ਤਨ ਮਨ ਧਨ ਰਾਂਝੇ ਦੇ ਨਾਲ,*

*ਮੈਨੂੰ ਜੋਰਾ ਜੋਰੀ ਤੋਰੀ ਜਾਂਦੇ ਖੇੜਿਆਂ ਦੇ ਨਾਲ;* ਤਾਂ ਸ੍ਰੋਤੇ ਅਸ਼ ਅਸ਼ ਕਰ ਉਠੇ ਅਤੇ ਹਾਲ ਤਾੜੀਆਂ ਦੀ ਗੂੰਜ ਨਾਲ ਇਕਸੁਰ ਹੋ ਗਿਆ। ਇਸ ਪਿਛੋਂ ਉਹਨਾਂ ਰਾਗ ਕੋਕੋ ਬਿਲਾਵਲ, ਗੌੜ ਸਾਰੰਗ, ਹਮੀਦ, ਤੋੜੀ, ਅਤੇ ਅੰਤ ਉੱਤੇ ਮਾਲਕੌਂਸ ਵਿਚ ਟੱਪੇ ਸੁਣਾਏ।

ਡਾਕਟਰ ਪੈਂਤਲ ਨੇ ਸ਼ਾਸਤਰੀ ਸੰਗੀਤ ਦੀ ਸਿੱਖਿਆ ਆਗਰੇ ਘਰਾਣੇ ਦੇ ਪ੍ਰਸਿੱਧ ਸੰਗੀਤਕਾਰ ਡਾਕਟਰ ਰਤਨਜਾਂਕਰ ਤੋਂ ਲਈ ਤੇ ਫਿਰ ਭਾਰਤ ਦੇ ਮਹਾਨ ਸੰਗੀਤਕਾਰ ਉਸਤਾਦ ਅਮੀਰ ਖ਼ਾਨ ਤੋਂ ਪ੍ਰਾਪਤ ਕੀਤੀ ਜੋ ਇੰਦੌਰ ਘਰਾਣੇ ਨਾਲ ਸੰਬੰਧਿਤ ਸਨ। ਪੈਂਤਲ ਸਾਹਿਬ ਨੇ ਸੰਗੀਤ ਦੀ ਐਮ.ਏ. ਲਖਨਊ ਤੋਂ ਕੀਤੀ ਤੇ ਫੇਰ ਦਿੱਲੀ ਆ ਕੇ ਪੀ.ਐਚ.ਡੀ ਦੀ ਡਿਗਰੀ ਹਾਸਲ ਕੀਤੀ। ਉਹਨਾਂ ਨੇ ਆਪਣੀ ਡਾਕਟ੍ਰੇਟ ਦੀ ਖੋਜ ਇਸ ਵਿਸ਼ੇ ਤੇ ਕੀਤੀ: *ਸਿੱਖ ਧਰਮ ਵਿਚ ਸੰਗੀਤ ਦੀ ਨੁਹਾਰ ਤੇ ਇਸ ਦਾ ਸਥਾਨ ਅਤੇ ਇਸਦੀ ਭਾਰਤੀ ਸ਼ਾਸਤਰੀ ਸੰਗੀਤ ਨਾਲ ਸਾਂਝ ।* ਉਹਨਾਂ ਨੇ ਦਿੱਲੀ ਯੂਨੀਵਰਸਿਟੀ ਵਿਚ 30 ਸਾਲ ਸੰਗੀਤ ਅਤੇ ਲਲਿਤ ਕਲਾਵਾਂ ਦੇ ਵਿਸ਼ੇ ਪੜ੍ਹਾਏ। ਉਹ ਪ੍ਰੋਫੈਸਰ ਦੇ ਪਦ ਤੋਂ 2000 ਵਿਚ ਰੀਟਾਇਰ ਹੋਏ; ਅਜ ਕਲ੍ਹ ਉਹਨਾਂ ਦੀ ਧਰਮ ਪਤਨੀ ਡਾਕਟਰ ਗੀਤਾ ਪੈਂਤਲ ਉਸੇ ਵਿਭਾਗ ਦੇ ਮੁਖੀ ਹਨ। ਡਾਕਟਰ ਪੈਂਤਲ ਨੂੰ ਗੁਰਬਾਣੀ ਸੰਗੀਤ ਵਿਚ ਮੋਹਰੀ ਵਿਦਵਾਨ ਮੰਨਿਆਂ ਜਾਂਦਾ ਹੈ ਅਤੇ ਉਹਨਾਂ ਨੂੰ ਅਨੇਕਾਂ ਇਨਾਮਾਂ ਸਨਮਾਨਾਂ ਨਾਲ ਸਤਿਕਾਰਿਆ ਜਾ ਚੁੱਕਾ ਹੈ। ਉਹਨਾਂ ਦਾ ਸਥਾਨ ਕੇਵਲ ਸੰਗੀਤ ਵਿਦਵਾਨ ਦੇ ਤੌਰ ਤੇ ਹੀ ਨਹੀਂ ਸਗੋਂ ਇਕ ਗਾਇਕ ਦੇ ਤੌਰ ਤੇ ਵੀ ਉਚਾ ਹੈ। ਸੰਗੀਤ ਸੰਮੇਲਨਾਂ ਵਿਚ ਅਤੇ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਉੱਤੇ ਉਹ ਬਕਾਇਦਗੀ ਨਾਲ ਆਪਣਾ ਗਾਇਨ ਪੇਸ਼ ਕਰਦੇ ਰਹੇ ਹਨ। ਭਾਰਤੀ ਸੰਗੀਤ ਉੱਤੇ ਉਹਨਾਂ ਨੇ ਹਿੰਦੀ ਅਤੇ ਅੰਗਰੇਜ਼ੀ ਵਿਚ ਪੁਸਤਕਾਂ ਵੀ ਰਚੀਆਂ ਹਨ।

ਇਸ ਪ੍ਰੋਗਰਾਮ ਤੇ ਡਾਕਟਰ ਪੈਂਤਲ ਜੀ ਦਾ ਸਨਮਾਨ ਵੈਨਕੂਵਰ ਰਹਿੰਦੇ ਸ਼ਾਸਤਰੀ ਸੰਗੀਤ ਦੇ ਉਸਤਾਦ ਅਤੇ ਪ੍ਰਸਿੱਧ ਗਾਇਕ ਸ. ਬਲਬੀਰ ਸਿੰਘ ਭੰਗੂ ਜੀ ਤੋਂ ਕਰਵਾਇਆ ਗਿਆ। ਵਿਰਾਸਤ ਦੇ ਕਹਿਣ ਤੇ ਅਜਮੇਰ ਰੋਡੇ ਨੇ ਭੰਗੂ ਸਾਹਿਬ ਦੀ ਸੰਖੇਪ ਜਾਣ ਪਛਾਣ ਕਰਵਾਉਂਦੇ ਹੋਏ ਦੱਸਿਆ ਕਿ ਭੰਗੂ ਸਾਹਿਬ ਵੀ ਆਗਰਾ ਘਰਾਣੇ ਦੀ ਉਪਜ ਹਨ ਤੇ ਉਹ ਕੈਨੇਡਾ ਦੀਆਂ ਸਾਰੀਆਂ ਯੂਨੀਵਰਸਿਟੀਆਂ, ਸੀ.ਬੀ.ਸੀ. ਤੇ ਹੋਰ ਅਨੇਕਾ ਸਥਾਨਾਂ ਤੇ ਸ਼ਾਸਤਰੀ ਸੰਗੀਤ ਦੀ ਪੇਸ਼ਕਾਰੀ ਕਰ ਚੁੱਕੇ ਹਨ। ਸੱਤਰਵਿਆਂ ਦੇ ਮੱਧ ਵਿਚ ਇੰਡੀਆ ਮਿਊਜ਼ਿਕ ਸੁਸਾਇਟੀ ਦੀ ਨੀਂਹ ਵੀ ਉਨ੍ਹਾਂ ਦੀ ਸਰਪ੍ਰਸਤੀ ਹੇਠ ਹੀ ਰਖੀ ਗਈ ਸੀ।

ਅਜ ਕਲ੍ਹ ਏਥੇ ਸਾਊਥ ਏਸ਼ੀਅਨ ਮੂਲ ਦੇ ਸਮਾਜ ਵਿਚ ਭਾਰਤੀ ਤੇ ਪੰਜਾਬੀ ਸੰਗੀਤ ਦਾ ਹੜ੍ਹ ਆਇਆ ਹੋਇਆ ਹੈ। ਸਾਡਾ ਕੋਈ ਰੇਡੀਓ ਸਟੇਸ਼ਨ ਲਾਓ, ਟੈਲਿਵਿਯਨ ਪ੍ਰੋਗਰਾਮ ਆਨ ਕਰੋ, ਉਸ ਉੱਤੇ ਜਾਂ ਫ਼ਿਲਮੀ ਗਾਣੇ ਚੱਲ ਰਹੇ ਹੁੰਦੇ ਹਨ ਜਾਂ ਭੰਗੜੇ ਦੀ ਬੀਟ ਉੱਤੇ ਪੰਜਾਬੀ ਸੰਗੀਤ। ਅਨੇਕਾਂ ਸਟੋਰ ਹਨ ਜੋ ਅਜਿਹੇ ਸੰਗੀਤ ਦੀਆਂ ਟੇਪਾਂ ਸੀ.ਡੀ. ਡਿਸਕਾਂ ਜਾਂ ਵਿਡੀਓ ਡਿਸਕਾਂ ਨਾਲ ਨੱਕੋ ਨੱਕ ਭਰੇ ਪਏ ਹਨ। ਇਸ ਸੰਗੀਤ ਦਾ ਮਿਆਰ ਭਾਵੇਂ ਕੁਝ ਵੀ ਹੋਵੇ ਇਹ ਸਾਡੇ ਸਭਿਆਚਾਰ ਦੇ ਜਿਉਂਦੇ ਹੋਣ ਦਾ ਸਬੂਤ ਜ਼ਰੂਰ ਹੈ।

ਪਰ ਸਾਨੂੰ ਸਭਿਆਚਾਰ ਕੇਵਲ ਜਿਉਂਦਾ ਹੀ ਨਹੀਂ ਚਾਹੀਦਾ, ਅਮੀਰ ਵੀ ਚਾਹੀਦਾ ਹੈ। ਜੇ ਸਾਡਾ ਸਭਿਆਚਾਰ ਅਮੀਰ ਨਹੀਂ ਹੋਵੇਗਾ ਤਾਂ ਛੇਤੀ ਹੀ ਇਸਤੇ ਬਾਕੀ ਸੱਭਿਆਚਾਰਾਂ ਦਾ ਗ਼ਲਬਾ ਪੈ ਜਾਵੇਗਾ। ਸਾਡੇ ਸਭਿਆਚਾਰ ਦੀ ਅਮੀਰੀ ਦਾ ਇਕ ਅਹਿਮ ਅੰਗ ਸ਼ਾਸਤਰੀ ਸੰਗੀਤ ਹੈ। ਪੱਛਮੀ ਦੇਸ਼ਾਂ ਵਿਚ ਰਹਿੰਦਿਆਂ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਆਪਣੇ ਸੰਗੀਤ ਨੂੰ ਕੇਵਲ ਪ੍ਰਫੁੱਲਤ ਹੀ ਨਾ ਕਰੀਏ ਸਗੋਂ ਇਸਦਾ ਮਿਆਰ ਵੀ ਉਚਾ ਰੱਖੀਏ ਕਿਉਂਕਿ ਪੱਛਮ ਵਿਚ ਪਾਪੂਲਰ ਅਤੇ ਸ਼ਾਸਤਰੀ ਸੰਗੀਤ ਦੀ ਪ੍ਰਥਾ ਬਹੁਤ ਸ਼ਾਨਦਾਰ ਅਤੇ ਨਰੋਈ ਹੈ। ਬਾਕੀ ਪੱਛਮੀ ਦੇਸ਼ਾਂ ਵਾਂਗ ਕੈਨੇਡਾ ਵਿਚ ਵੀ ਸ਼ਾਸਤਰੀ ਸੰਗੀਤ ਨੂੰ ਸਰਕਾਰ ਦੀ ਪੂਰੀ ਸਰਪ੍ਰਸਤੀ ਹਾਸਲ ਹੈ ਅਤੇ ਇਸਤੇ ਆਉਣ ਵਾਲਾ ਅਨੇਕਾਂ ਮਿਲੀਅਨ ਡਾਲਰ ਖਰਚ ਕਨੇਡੀਅਨ ਸਰਕਾਰ ਝੱਲਦੀ ਹੈ। ਪਰ ਭਾਰਤੀ ਸੰਗੀਤ ਦੀਆਂ ਮਹਿਫਲਾਂ ਲਈ ਸਾਡੇ ਕੋਲ ਇਥੇ ਉਕਾ

ਕੋਈ ਜ਼ਰੀਆ ਨਹੀਂ, ਬਾਵਜੂਦ ਇਸ ਤੱਥ ਦੇ ਕਿ ਕੈਨੇਡਾ ਕਾਨੂੰਨੀ ਤੌਰ ਤੇ ਇਕ ਬਹੁ ਸਭਿਆਚਾਰਕ ਦੇਸ਼ ਹੈ।

ਏਸੇ ਲਈ ਅਸੀਂ ਡਾਕਟਰ ਪੈਂਤਲ ਸਾਹਿਬ ਵਰਗੇ ਵਿਦਵਾਨ ਸੰਗੀਤਕਾਰਾਂ ਦੇ ਧੰਨਵਾਦੀ ਹਾਂ ਜੋ ਏਥੇ ਆ ਕੇ ਸਾਨੂੰ ਭਾਰਤੀ ਸ਼ਾਸਤਰੀ ਸੰਗੀਤ ਬਾਰੇ ਉਚ ਪਾਏ ਦਾ ਗਿਆਨ ਦਿੰਦੇ ਹਨ। ਵਿਰਾਸਤ ਫਾਊਂਡੇਸ਼ਨ ਦੇ ਸੰਚਾਲਕ ਵੀ ਸਾਡੇ ਧੰਨਵਾਦ ਦੇ ਉਤਨੇ ਹੀ ਪਾਤਰ ਹਨ ਜੋ ਬਿਨਾਂ ਕਿਸੇ ਸਰਕਾਰੀ ਸਰਪ੍ਰਸਤੀ ਦੇ ਸਾਡੇ ਲਈ ਅਜਿਹੇ ਵਡਮੁੱਲੇ ਪ੍ਰੋਗਰਾਮ ਆਯੋਜਿਤ ਕਰਦੇ ਹਨ। ਅੱਜ ਦਾ ਪ੍ਰੋਗਰਾਮ ਸਾਨੂੰ ਅੰਤਰਰਾਸ਼ਟਰੀ ਸੰਗੀਤ ਦੀਆਂ ਗਤੀ ਵਿਧੀਆਂ ਨਾਲ ਵੀ ਜੋੜਦਾ ਹੈ ਕਿਉਂਕਿ 2006 ਦਾ ਸਾਰਾ ਸਾਲ ਮਹਾਨ ਸੰਗੀਤ ਕੰਪੋਜ਼ਰ, ਮੋਟਸਾਰਟਸ, ਦੇ 250ਵੇਂ ਜਨਮ ਦਿਨ ਨੂੰ ਸਮਰਪਿਤ ਹੈ। ਤੇ ਜਿਵੇਂ ਡਾਕਟਰ ਪੈਂਤਲ ਸਾਹਿਬ ਨੇ ਸਾਨੂੰ ਦੱਸਿਆ ਹੈ ਸਾਡੇ ਮਹਾਨ ਸੰਗੀਤ ਘਰਾਣਿਆਂ ਦੀ ਉਮਰ ਵੀ ਅੱਜ 250 ਸਾਲ ਦੀ ਹੋ ਗਈ ਹੈ।

- ਅਜਮੇਰ ਰੋਡੇ ਕਵੀ, ਨਾਟਕਕਾਰ / ਫ਼ਰਵਰੀ 2006